Punjabi – Number 43
March 2022

# ਟੌਕਸੋਪਲਾਜ਼ਮੋਸਿਸ
# Toxoplasmosis

## ਟੌਕਸੋਪਲਾਜ਼ਮੋਸਿਸ ਕੀ ਹੈ?

ਟੌਕਸੋਪਲਾਜ਼ਮੋਸਿਸ ਇੱਕ ਬਿਮਾਰੀ ਹੈ ਜੋ ਦੁਨੀਆ ਭਰ ਵਿੱਚ ਪੰਛੀਆਂ ਅਤੇ ਥਣਧਾਰੀ ਜੀਵਾਂ ਵਿੱਚ ਪਾਈ ਜਾਂਦੀ ਹੈ। ਲਾਗ *ਟੌਕਸੋਪਲਾਜ਼ਮਾ ਗੌਂਡੀਆਈ* (Toxoplasma gondii) ਨਾਮਕ ਪਰਜੀਵੀ ਕਾਰਨ ਹੁੰਦੀ ਹੈ। ਇਹ ਉੱਤਰੀ ਅਮਰੀਕਾ ਵਿੱਚ ਹਰ 100 ਵਿੱਚੋਂ 20 ਲੋਕਾਂ ਨੂੰ ਬਾਲਗ ਹੋਣ ਤੱਕ ਸੰਕਰਮਿਤ ਕਰਦਾ ਹੈ।

## ਟੌਕਸੋਪਲਾਜ਼ਮੋਸਿਸ ਦੇ ਲੱਛਣ ਕੀ ਹਨ?

ਜ਼ਿਆਦਾਤਰ ਸੰਕਰਮਿਤ ਲੋਕ ਕੋਈ ਲੱਛਣ ਨਹੀਂ ਦਰਸਾਉਂਦੇ। ਇੱਕ ਸਿਹਤਮੰਦ ਵਿਅਕਤੀ ਦਾ ਇਮਿਊਨ ਸਿਸਟਮ ਆਮ ਤੌਰ 'ਤੇ ਪਰਜੀਵੀ ਨੂੰ ਬਿਮਾਰੀ ਪੈਦਾ ਕਰਨ ਤੋਂ ਰੋਕਦਾ ਹੈ।

ਜਿਹੜੇ ਲੋਕ ਬਿਮਾਰੀ ਦੇ ਹਲਕੇ ਰੂਪ ਨਾਲ ਬਿਮਾਰ ਹੋ ਜਾਂਦੇ ਹਨ ਉਹਨਾਂ ਵਿੱਚ ਆਮ ਤੌਰ 'ਤੇ ਫਲੂ ਵਰਗੇ ਲੱਛਣ ਹੁੰਦੇ ਹਨ ਜਿਵੇਂ ਕਿ ਬੁਖਾਰ, ਗਲਾ ਖਰਾਬ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ ਅਤੇ ਥਕਾਵਟ। ਗਰਦਨ, ਕੱਛਾਂ ਜਾਂ ਚੱਡਿਆਂ ਵਿਚਲੀਆਂ ਗ੍ਰੰਥੀਆਂ ਸੁੱਜ ਸਕਦੀਆਂ ਹਨ ਪਰ ਉਹ ਆਮ ਤੌਰ 'ਤੇ ਦੁਖਦਾਈ ਨਹੀਂ ਹੁੰਦੀਆਂ ਹਨ। ਕੁਝ ਮਾਮਲਿਆਂ ਵਿੱਚ ਲਾਗ ਧੁੰਦਲੀ ਨਜ਼ਰ ਜਾਂ ਅਸਥਾਈ ਤੌਰ 'ਤੇ ਨਜ਼ਰ ਦੇ ਨੁਕਸਾਨ ਦਾ ਕਾਰਨ ਬਣ ਸਕਦੀ ਹੈ।

## ਟੌਕਸੋਪਲਾਜ਼ਮੋਸਿਸ ਕਿਵੇਂ ਫੈਲਦਾ ਹੈ?

ਸਾਰੇ ਜਾਨਵਰ ਅਤੇ ਪੰਛੀ *ਟੌਕਸੋਪਲਾਜ਼ਮਾ* ਨਾਲ ਸੰਕਰਮਿਤ ਹੋ ਸਕਦੇ ਹਨ। ਪਰਜੀਵੀ ਕਿਸੇ ਪੰਛੀ ਜਾਂ ਜਾਨਵਰ ਦੀਆਂ ਮਾਸਪੇਸ਼ੀਆਂ ਵਿੱਚ ਦਾਖਲ ਹੁੰਦਾ ਹੈ ਜਦੋਂ ਇਹ ਕੱਚਾ ਮਾਸ ਖਾਂਦਾ ਹੈ, ਜਾਂ ਕਿਸੇ ਲਾਗ ਵਾਲੇ ਜਾਨਵਰ ਦਾ ਦੁੱਧ ਪੀਂਦਾ ਹੈ। ਬਿੱਲੀਆਂ ਆਪਣੇ ਮਲ ਰਾਹੀਂ ਵੀ ਪਰਜੀਵੀ ਫੈਲਾ ਸਕਦੀਆਂ ਹਨ। ਲਾਗ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਨਹੀਂ ਫੈਲ ਸਕਦੀ, ਸਿਵਾਏ ਉਸ ਸਥਿਤੀ ਦੇ ਜਿੱਥੇ ਮਾਂ ਤੋਂ ਉਸਦੇ ਵਿਕਸਤ ਹੋ ਰਹੇ ਬੱਚੇ ਨੂੰ ਲਾਗ ਪਾਸ ਹੋ ਸਕਦੀ ਹੈ।

ਲੋਕਾਂ ਨੂੰ ਟੌਕਸੋਪਲਾਜ਼ਮੋਸਿਸ ਹੋਣ ਦੇ ਆਮ ਤਰੀਕਿਆਂ ਵਿੱਚ ਸ਼ਾਮਲ ਹਨ:

- ਬਿੱਲੀ ਦੇ ਲਿਟਰ ਬਾਕਸ ਨੂੰ ਸਾਫ਼ ਕਰਨ ਤੋਂ ਬਾਅਦ ਜਾਂ ਬਿੱਲੀ ਦੇ ਮਲ ਦੇ ਸੰਪਰਕ ਵਿੱਚ ਆਈ ਕਿਸੇ ਵੀ ਚੀਜ਼ ਨੂੰ ਛੂਹਣ ਤੋਂ ਬਾਅਦ ਆਪਣੇ ਹੱਥਾਂ ਨਾਲ ਆਪਣੇ ਮੂੰਹ ਨੂੰ ਛੂਹਣਾ
- ਕੱਚਾ ਜਾਂ ਘੱਟ ਪਕਾਇਆ ਮੀਟ ਖਾਣਾ
- ਬਿਨਾਂ ਪਾਸਚਰਾਈਜ਼ ਕੀਤੇ ਦੁੱਧ ਪੀਣਾ
- ਬਗੀਚਿਆਂ ਵਿੱਚ ਕੰਮ ਕਰਨ ਜਾਂ ਸੈਂਡਬੌਕਸ ਵਿੱਚ ਖੇਡਣ ਤੋਂ ਬਾਅਦ ਜਿਸ ਵਿੱਚ ਬਿੱਲੀ ਜਾਂ ਹੋਰ ਜਾਨਵਰਾਂ ਦਾ ਮਲ ਹੁੰਦਾ ਹੈ, ਆਪਣੇ ਹੱਥਾਂ ਨਾਲ ਆਪਣੇ ਮੂੰਹ ਨੂੰ ਛੂਹਣਾ
- ਅਚਨਚੇਤ ਖੇਡ ਦੇ ਮੈਦਾਨ ਵਿੱਚ ਦੂਸ਼ਿਤ ਗੰਦਗੀ ਨਿਗਲਣਾ

ਲੋਕਾਂ ਨੂੰ ਟੌਕਸੋਪਲਾਜ਼ਮੋਸਿਸ ਹੋਣ ਦੇ ਹੋਰ, ਘੱਟ ਆਮ ਤਰੀਕਿਆਂ ਵਿੱਚ ਸ਼ਾਮਲ ਹਨ:

- *ਟੌਕਸੋਪਲਾਜ਼ਮਾ* ਨਾਲ ਦੂਸ਼ਿਤ ਪਾਣੀ ਪੀਣਾ
- ਲਾਗ ਵਾਲੇ ਅੰਗ ਦਾ ਟ੍ਰਾਂਸਪਲਾਂਟ ਪ੍ਰਾਪਤ ਕਰਨਾ ਜਾਂ ਖੂਨ ਚੜ੍ਹਾਉਣਾ – ਇਹ ਬਹੁਤ ਘੱਟ ਹੁੰਦਾ ਹੈ

## ਗਰਭ ਅਵਸਥਾ ਅਤੇ ਟੌਕਸੋਪਲਾਜ਼ਮੋਸਿਸ

ਜੇਕਰ ਤੁਸੀਂ ਗਰਭਵਤੀ ਹੋ ਜਾਂ ਗਰਭਵਤੀ ਹੋਣ ਬਾਰੇ ਸੋਚ ਰਹੇ ਹੋ, ਤਾਂ ਲਾਗ ਤੋਂ ਬਚਣ ਦੇ ਤਰੀਕੇ ਬਾਰੇ ਇਸ ਹੈਲਥਲਿੰਕਬੀਸੀ ਫਾਈਲ ਵਿੱਚ ਦਿੱਤੀ ਸਲਾਹ ਦੀ ਪਾਲਣਾ ਕਰਨਾ ਯਕੀਨੀ ਬਣਾਓ। ਇੱਕ ਵਧ ਰਿਹਾ ਭਰੂਣ *ਟੌਕਸੋਪਲਾਜ਼ਮਾ* ਨਾਲ ਸੰਕਰਮਿਤ ਹੋ ਸਕਦਾ ਹੈ ਜੇਕਰ ਮਾਂ ਗਰਭ ਅਵਸਥਾ ਦੌਰਾਨ ਪੈਰਾਸਾਈਟ ਨਾਲ ਸੰਕਰਮਿਤ ਹੁੰਦੀ ਹੈ।

ਗਰਭ ਅਵਸਥਾ ਦੇ ਸ਼ੁਰੂ ਵਿੱਚ ਭਰੂਣ ਦੇ ਸੰਕਰਮਣ ਦੇ ਨਤੀਜੇ ਵਜੋਂ ਗਰਭਪਾਤ, ਮਾੜਾ ਵਿਕਾਸ, ਜਲਦੀ ਜਣੇਪਾ ਜਾਂ ਮਰੇ ਹੋਏ ਬੱਚੇ ਦਾ ਜਨਮ ਹੋ ਸਕਦਾ ਹੈ। ਜੇ ਕੋਈ ਬੱਚਾ ਟੌਕਸੋਪਲਾਜ਼ਮੋਸਿਸ ਨਾਲ ਪੈਦਾ ਹੁੰਦਾ ਹੈ, ਤਾਂ ਉਹ ਅੱਖਾਂ ਦੀਆਂ ਸਮੱਸਿਆਵਾਂ, ਹਾਈਡ੍ਰੋਸੇਫਾਲਸ (ਦਿਮਾਗ 'ਤੇ ਪਾਣੀ), ਦੌਰੇ ਜਾਂ ਮਾਨਸਿਕ ਅਸਮਰਥਤਾ ਦਾ ਅਨੁਭਵ ਕਰ ਸਕਦਾ ਹੈ।

ਤੁਹਾਡਾ ਸਿਹਤ ਸੰਭਾਲ ਪ੍ਰਦਾਤਾ *ਟੌਕਸੋਪਲਾਜ਼ਮਾ* ਲਈ ਤੁਹਾਡੀ ਜਾਂਚ ਕਰ ਸਕਦਾ ਹੈ। ਜੇਕਰ ਲਾਗ ਲੱਗ ਜਾਂਦੀ ਹੈ, ਤਾਂ ਗਰਭ ਅਵਸਥਾ ਦੌਰਾਨ ਇਲਾਜ ਵਿਕਸਤ ਹੋ ਰਹੇ ਬੱਚੇ ਵਿੱਚ ਬਿਮਾਰੀ ਨੂੰ ਰੋਕ ਜਾਂ ਘੱਟ ਕਰ ਸਕਦਾ ਹੈ।

ਲਾਗ ਵਾਲੇ ਬੱਚੇ ਦਾ ਇਲਾਜ ਬੱਚੇ ਦੇ ਵੱਡੇ ਹੋਣ ਦੇ ਨਾਲ-ਨਾਲ ਬਿਮਾਰੀ ਦੀ ਗੰਭੀਰਤਾ ਨੂੰ ਘਟਾਉਣ ਵਿੱਚ ਵੀ ਮਦਦ ਕਰਦਾ ਹੈ।

## ਮੈਂ ਟੌਕਸੋਪਲਾਜ਼ਮੋਸਿਸ ਹੋਣ ਤੋਂ ਕਿਵੇਂ ਬਚ ਸਕਦਾ/ਸਕਦੀ ਹਾਂ?

ਤੁਸੀਂ ਇਸ ਸਲਾਹ ਦੀ ਪਾਲਣਾ ਕਰਕੇ ਟੌਕਸੋਪਲਾਜ਼ਮੋਸਿਸ ਤੋਂ ਬਚ ਸਕਦੇ ਹੋ:

- ਜੇਕਰ ਤੁਹਾਡੇ ਕੋਲ ਸੈਂਡਬੌਕਸ ਹੈ, ਤਾਂ ਬਿੱਲੀਆਂ ਨੂੰ ਉਸਨੂੰ ਲਿਟਰ ਬਾਕਸ ਵਜੋਂ ਵਰਤਣ ਤੋਂ ਰੋਕਣ ਲਈ ਇਸ 'ਤੇ ਇੱਕ ਸੁਰੱਖਿਅਤ ਢੱਕਣ ਰੱਖੋ
- ਕੱਚਾ ਜਾਂ ਘੱਟ ਪਕਾਇਆ ਮੀਟ ਨਾ ਖਾਓ
- ਦੂਜੇ ਭੋਜਨਾਂ ਨੂੰ ਦੂਸ਼ਿਤ ਹੋਣ ਤੋਂ ਰੋਕਣ ਲਈ ਕੱਚੇ ਮੀਟ ਨੂੰ ਸੰਭਾਲਣ ਤੋਂ ਬਾਅਦ ਆਪਣੇ ਹੱਥ, ਬਰਤਨ ਅਤੇ ਕਟਿੰਗ ਬੋਰਡ ਧੋਵੋ
- ਕਿਸੇ ਵੀ ਜਾਨਵਰ ਦਾ ਬਿਨਾਂ ਪਾਸਚਰਾਇਜ਼ ਕੀਤਾ ਦੁੱਧ ਨਾ ਪੀਓ
- ਬਾਗਬਾਨੀ ਕਰਦੇ ਸਮੇਂ ਦਸਤਾਨੇ ਪਾਓ, ਅਤੇ ਬਾਅਦ ਵਿੱਚ ਆਪਣੇ ਹੱਥ ਧੋਵੋ
- ਕਮਜ਼ੋਰ ਇਮਿਊਨ ਸਿਸਟਮ ਵਾਲੇ ਲੋਕ ਅਤੇ ਆਪਣੇ ਭਾਈਚਾਰੇ ਵਿੱਚ ਪਾਣੀ ਦੀ ਗੁਣਵੱਤਾ ਬਾਰੇ ਚਿੰਤਾਵਾਂ ਵਾਲੇ ਲੋਕਾਂ ਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਇਸ ਬਾਰੇ ਸਲਾਹ ਕਰਨੀ ਚਾਹੀਦੀ ਹੈ ਕਿ ਕੀ ਉਹਨਾਂ ਨੂੰ ਆਪਣੇ ਪੀਣ ਵਾਲੇ ਪਾਣੀ ਦਾ ਉਪਚਾਰ ਕਰਨਾ ਚਾਹੀਦਾ ਹੈ ਜਾਂ ਬੋਤਲਬੰਦ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ।

## ਬਿੱਲੀਆਂ ਅਤੇ ਟੌਕਸੋਪਲਾਜ਼ਮੋਸਿਸ

ਤੁਹਾਡੀ ਪਾਲਤੂ ਬਿੱਲੀ ਆਪਣੇ ਮਲ ਰਾਹੀਂ ਬਿਮਾਰੀ ਤੁਹਾਡੇ ਤੱਕ ਪਹੁੰਚਾ ਸਕਦੀ ਹੈ। ਟੌਕਸੋਪਲਾਜ਼ਮੋਸਿਸ ਨਾਲ ਸੰਕਰਮਿਤ ਜ਼ਿਆਦਾਤਰ ਬਿੱਲੀਆਂ ਬਿਮਾਰ ਦਿਖਾਈ ਨਹੀਂ ਦਿੰਦੀਆਂ। ਬਿੱਲੀ ਦੀ ਲਾਗ ਤੋਂ ਬਾਅਦ ਸਿਰਫ 2 ਹਫ਼ਤਿਆਂ ਲਈ ਬਿੱਲੀ ਦੇ ਮਲ ਵਿੱਚ ਪਰਜੀਵੀ ਹੁੰਦਾ ਹੈ। ਪਰ, ਮਲ ਆਪਣੇ ਆਪ ਲਈ ਇੱਕ ਸਾਲ ਤੋਂ ਵੱਧ ਸਮੇਂ ਲਈ ਵਾਤਾਵਰਣ ਵਿੱਚ ਛੂਤਕਾਰੀ ਰਹਿ ਸਕਦਾ ਹੈ।

ਇਨਡੋਰ ਬਿੱਲੀਆਂ ਜਿਨ੍ਹਾਂ ਨੇ ਕਦੇ ਸ਼ਿਕਾਰ ਨਹੀਂ ਕੀਤਾ ਅਤੇ ਕੱਚਾ ਮਾਸ ਨਹੀਂ ਖੁਆਇਆ ਗਿਆ, ਉਨ੍ਹਾਂ ਦੇ ਸੰਕਰਮਿਤ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ।

ਜੇ ਤੁਹਾਡੇ ਕੋਲ ਪਾਲਤੂ ਬਿੱਲੀ ਹੈ ਤਾਂ ਇੱਥੇ ਕੁਝ ਸੁਝਾਅ ਹਨ:

- ਆਪਣੀ ਬਿੱਲੀ ਨੂੰ ਥਾਪੜਨ, ਬਰਸ਼ ਕਰਨ ਜਾਂ ਉਸ ਦੁਆਰਾ ਚੱਟੇ ਜਾਣ ਤੋਂ ਬਾਅਦ ਆਪਣੇ ਹੱਥ ਧੋਵੋ
- ਆਪਣੀ ਬਿੱਲੀ ਨੂੰ ਘਰ ਦੇ ਅੰਦਰ ਰੱਖੋ
- ਲਿਟਰ ਬਾਕਸ ਨੂੰ ਹਰ ਰੋਜ਼ ਸਾਫ਼ ਕਰੋ। *ਟੌਕਸੋਪਲਾਜ਼ਮਾ* ਪਰਜੀਵੀ, ਬਿੱਲੀ ਦੇ ਮਲ ਵਿੱਚ ਗਿਰਨ ਤੋਂ 1 ਤੋਂ 5 ਦਿਨਾਂ ਬਾਅਦ ਛੂਤਕਾਰੀ ਨਹੀਂ ਬਣ ਜਾਂਦਾ
- ਇਸ ਦਾ ਧਿਆਨ ਰੱਖੋ ਕਿ ਬਿੱਲੀ ਦੇ ਲਿਟਰ ਬਾਕਸ ਨੂੰ ਸਾਫ਼ ਕਰਦੇ ਸਮੇਂ ਗਲਤੀ ਨਾਲ ਧੂੜ ਨਾ ਨਿਗਲੋ
- ਜੇ ਤੁਸੀਂ ਗਰਭਵਤੀ ਹੋ ਜਾਂ ਗਰਭਵਤੀ ਹੋਣ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਸੰਭਵ ਹੋਵੇ ਤਾਂ ਬਿੱਲੀ ਦੇ ਲਿਟਰ ਬਾਕਸ ਨੂੰ ਸਾਫ਼ ਕਰਨ ਤੋਂ ਬਚੋ। ਜੇਕਰ ਕੋਈ ਹੋਰ ਕੰਮ ਨਹੀਂ ਕਰ ਸਕਦਾ, ਤਾਂ ਡਿਸਪੋਜ਼ੇਬਲ ਦਸਤਾਨੇ ਪਾਓ ਅਤੇ ਬਾਅਦ ਵਿੱਚ ਸਾਬਣ ਅਤੇ ਨਿੱਘੇ ਪਾਣੀ ਨਾਲ ਆਪਣੇ ਹੱਥ ਧੋਵੋ
- ਬਿੱਲੀ ਦਾ ਲਿਟਰ ਬਾਕਸ ਸਾਫ਼ ਕਰਦੇ ਸਮੇਂ ਦਸਤਾਨੇ ਪਹਿਨੋ, ਅਤੇ ਫਿਰ ਆਪਣੇ ਹੱਥ ਧੋਵੋ
- ਬਿੱਲੀ ਦੇ ਮਲ ਨੂੰ ਪਲਾਸਟਿਕ ਦੇ ਥੈਲੇ ਵਿੱਚ ਪਾਓ ਅਤੇ ਕੂੜੇ ਵਿੱਚ ਸੁੱਟੋ
- ਬਿੱਲੀ ਦੇ ਮਲ ਦੀ ਖਾਦ ਨਾ ਬਣਾਓ, ਜਾਂ ਆਪਣੇ ਬਗੀਚੇ ਦੇ ਨੇੜੇ ਮੱਲ ਨਾ ਸੁੱਟੋ
- ਜੇਕਰ ਤੁਹਾਡੀ ਬਿੱਲੀ ਵਿੱਚ ਬਿਮਾਰੀ ਦੇ ਕੋਈ ਲੱਛਣ ਹਨ ਤਾਂ ਪਸ਼ੂਆਂ ਦੇ ਡਾਕਟਰ ਨੂੰ ਦਿਖਾਓ
- ਆਪਣੀ ਬਿੱਲੀ ਨੂੰ ਕਮਰਸ਼ੀਅਲ ਸੁੱਕਾ ਜਾਂ ਡੱਬਾਬੰਦ ਭੋਜਨ ਖੁਆਓ, ਕੱਚਾ ਜਾਂ ਘੱਟ ਪਕਾਇਆ ਮੀਟ ਨਹੀਂ

## ਕੀ ਟੌਕਸੋਪਲਾਜ਼ਮੋਸਿਸ ਦਾ ਕੋਈ ਇਲਾਜ ਹੈ?

ਜ਼ਿਆਦਾਤਰ ਲੋਕ ਬਿਨਾਂ ਇਲਾਜ ਦੇ ਟੌਕਸੋਪਲਾਜ਼ਮੋਸਿਸ ਤੋਂ ਠੀਕ ਹੋ ਜਾਣਗੇ। ਪਰ, ਲਾਗ ਦੇ ਇਲਾਜ ਲਈ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਤੋਂ ਦਵਾਈ ਉਪਲਬਧ ਹੈ। ਇਲਾਜ ਦੀ ਲੋੜ ਹੋ ਸਕਦੀ ਹੈ ਜੇਕਰ ਅੱਖਾਂ ਜਾਂ ਦਿਲ ਪ੍ਰਭਾਵਿਤ ਹੁੰਦਾ ਹੈ ਜਾਂ ਜੇ ਲਾਗ ਉਹਨਾਂ ਲੋਕਾਂ ਵਿੱਚ ਹੁੰਦੀ ਹੈ ਜੋ ਗਰਭਵਤੀ ਹਨ, ਕਮਜ਼ੋਰ ਇਮਿਊਨ ਸਿਸਟਮ ਵਾਲੇ ਹਨ, ਜਾਂ HIV/AIDS ਜਾਂ ਕੈਂਸਰ ਵਰਗੀਆਂ ਬਿਮਾਰੀਆਂ ਹਨ।

BC Centre for Disease Control
Provincial Health Services Authority